CBSE PORTAL
www.cbseportal.com

# 10. PUNJABI (CODE: 104)

## ਪੰਜਾਬੀ—104
## ਸੀਨੀਅਰ ਸਕੂਲ ਪਾਠਕ੍ਰਮ
### XI--XII ਜਮਾਤ
### (ਅਪਰੈਲ 2017 ਤੋਂ ਮਾਰਚ 2018)

ਸੀਨੀਅਰ ਸੈਕੰਡਰੀ ਪੱਧਰ ਤੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਾ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਕੁੱਝ-ਕੁੱਝ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਵੀ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾ ਵੀ ਉਹਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸੋ ਇਹ ਜਤਨ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

### *ਇਸ ਪਾਠਕ੍ਰਮ ਦੇ ਅਧਿਐਨ ਤੋਂ ਬਾਅਦ*

1. ਵਿਦਿਆਰਥੀ ਆਪਣੀ ਰੁਚੀ ਅਤੇ ਜ਼ਰੂਰਤ ਅਨੁਸਾਰ ਸਾਹਿਤ ਦਾ ਗੰਭੀਰ ਅਤੇ ਵਿਸ਼ੇਸ਼ ਅਧਿਐਨ ਜਾਰੀ ਰੱਖ ਸਕਣਗੇ।
2. ਉਹ ਪੰਜਾਬੀ ਸਾਹਿਤ ਦੇ ਸੁਹਜ-ਸੁਆਦ ਨੂੰ ਮਾਣ ਸਕਣਗੇ।
3. ਉਹ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈ ਜਾ ਰਹੀ ਪੰਜਾਬੀ ਭਾਸ਼ਾ ਅਤੇ ਉਸ ਦੇ ਸਾਹਿਤ ਨਾਲ ਸਹਿਜ ਸੰਬੰਧ ਸਥਾਪਿਤ ਕਰ ਸਕਣਗੇ।
4. ਉਹ ਆਪਣੇ ਅੰਦਰ ਲੇਖਣ ਸਿਰਜਨ ਦੀ ਕਲਾ ਵਿਕਸਿਤ ਕਰ ਸਕਣਗੇ ਅਤੇ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਦੇ ਯੋਗ ਹੋ ਸਕਣਗੇ।
5. ਉਹ ਪੰਜਾਬੀ ਭਾਸ਼ਾ ਰਾਹੀਂ ਰੁਜ਼ਗਾਰ ਦੇ ਮੌਕਿਆਂ ਨੂੰ ਜਾਣਨ ਬਾਰੇ ਪੰਜਾਬੀ ਭਾਸ਼ਾ ਦੀ ਅਸਰਦਾਰ ਢੰਗ ਨਾਲ ਵਰਤੋਂ ਕਰ ਸਕਣਗੇ।
6. ਇਸ ਪਾਠਕ੍ਰਮ ਰਾਹੀਂ ਵਿਦਿਆਰਥੀ ਪ੍ਰਕਾਸ਼ਨ ਅਤੇ ਸੰਚਾਰ ਮਾਧਿਅਮਾਂ ਵਿੱਚ ਆਪਣੀ ਸਮਰੱਥਾ ਦਾ ਪ੍ਰਗਟਾਵਾ ਕਰ ਸਕਣਗੇ।
7. ਕਦਰਾਂ ਕੀਮਤਾਂ ਬਾਰੇ ਵਿਚਾਰ ਪ੍ਰਗਟਾ ਕੇ ਉਹ ਵਧੇਰੇ ਤਰਕਸ਼ੀਲ ਪਹੁੰਚ ਅਪਣਾ ਸਕਣਗੇ।

Downloaded from: www.cbseportal.com Courtesy : CBSE

CBSE PORTAL
www.cbseportal.com

# ਪੰਜਾਬੀ—104
## XI ਗਿਆਰ੍ਹਵੀਂ
## (ਅਪਰੈਲ 2017 ਤੋਂ ਮਾਰਚ 2018)

ਇੱਕ ਪੇਪਰ 3 ਘੰਟੇ ਅੰਕ 100

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **ਸਾਹਿਤ** | 50 | | 85 |
| **ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 35 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 20 | | 45 |
| (ੲ) ਸਾਹਿਤ ਅਤੇ ਪਿੰਗਲ ਦੇ ਰੂਪ | 20 | | 45 |

| | ਅੰਕ | ਪੀਰੀਅਡ |
|---|---|---|
| **I. ਸਾਹਿਤ** | 50 | |
| (1) **ਕਵਿਤਾ** | 15 | 28 |
| I. ਕਵਿਤਾ ਦੀ ਕਾਵਿ-ਟੁਕੜੀ ਨਾਲ ਸੰਬੰਧਤ 4 **ਛੋਟੇ** ਪ੍ਰਸ਼ਨ | 08 | |
| II. ਕਿਸੇ ਕਾਵਿ-ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ | 07 | |
| (2) **ਵਾਰਤਕ** | 15 | 28 |
| I. ਪਾਠ ਪੁਸਤਕਾਂ ਦੇ ਆਧਾਰ ਤੇ **ਛੇ ਪ੍ਰਸ਼ਨਾਂ** ਵਿਚੋਂ **ਪੰਜ** ਕਰਨੇ | 10 | |
| II. ਕਿਸੇ ਨਿਬੰਧ ਦੀਆਂ ਸਤਰਾਂ ਦੇ ਆਧਾਰ ਤੇ **ਪੰਜ** ਪ੍ਰਸ਼ਨ ਪੁੱਛਣੇ। | 05 | |
| (3) **ਨਾਟਕ** | 15 | 24 |
| I. ਨਾਟਕ ਦੇ ਦੋ ਪ੍ਰਸੰਗਾਂ (ਸਤਰਾਂ) ਵਿੱਚੋਂ ਕਿਸੇ ਇੱਕ ਪ੍ਰਸੰਗ ਤੇ **ਪੰਜ ਛੋਟੇ** ਪ੍ਰਸ਼ਨ (1X5)= | 05 | |
| II. ਨਾਟਕ ਦੇ ਵਿਸ਼ੇ ਵਸਤੂ, ਪਾਤਰ ਅਤੇ ਕਥਾਨਕ (Plot) ਸੰਬੰਧੀ ਇੱਕ **ਲੰਮਾ ਪ੍ਰਸ਼ਨ** | 10 | |
| **(4) ਪਾਠ ਪੁਸਤਕਾਂ ਵਿਚੋਂ ਇੱਕ ਪ੍ਰਸ਼ਨ ਕਦਰਾਂ-ਕੀਮਤਾਂ ਆਧਾਰਿਤ (100 ਸ਼ਬਦਾਂ ਵਿੱਚ)** | 05 | |

Downloaded from: www.cbseportal.com Courtesy : CBSE

CBSE PORTAL
www.cbseportal.com

**ਭਾਸ਼ਾ**

**II. ਅਡਵਾਂਸ ਪੜ੍ਹਨ ਕੌਸ਼ਲ** 10 20

ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ ਸੰਬੰਧਤ 5 ਪ੍ਰਸ਼ਨ

**III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 20 40

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪਰਖੇ ਜਾਣਗੇ

1. ਅਖ਼ਬਾਰਾਂ ਲਈ ਰਿਪੋਰਟ ਅਤੇ ਫੀਚਰ ਲਿਖਣਾ
   ***(ਸ਼ਖਸ਼ੀਅਤ, ਸੰਸਥਾ, ਮੇਲੇ, ਖੇਡਾਂ ਆਦਿ)*** 08
2. 200-250 ਸ਼ਬਦਾਂ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ ਲੇਖ 12

**IV. ਸਾਹਿਤ ਤੇ ਪਿੰਗਲ ਦੇ ਰੂਪ** 20 40

1. **ਸਾਹਿਤ ਦੇ ਰੂਪ**—ਕਵਿਤਾ, ਵਾਰਤਕ, ਨਾਵਲ, ਨਿੱਕੀ ਕਹਾਣੀ, ਨਾਟਕ 08
2. **ਛੰਦ** 05
   ਚੌਪਈ, ਦੋਹਰਾ, ਕੋਰੜਾ, ਦਵੱਈਆ, ਬੈਂਤ (ਪਰਿਭਾਸ਼ਾ ਉਦਾਹਰਣ ਸਹਿਤ)
3. **ਅਲੰਕਾਰ** : ਅਨੁਪ੍ਰਾਸ, ਰੂਪਕ, ਉਪਮਾ 04
   **ਰਸ** : ਸ਼ਿੰਗਾਰ ਰਸ, ਹਾਸ ਰਸ, ਕਰੁਨਾ ਰਸ 03

**ਨਿਰਧਾਰਤ ਪੁਸਤਕਾਂ—**

1. **ਵਾਰਤਕ ਰਿਸ਼ਮਾਂ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
2. **ਰਿਸ਼ਤੇ *(ਨਾਟਕ), ਵਰਿਆਮ ਮਸਤ,*** ਪ੍ਰਕਾਸ਼ਕ, ਸ਼ਿਲਾਲੇਖ, 4/32 ਸੁਭਾਸ਼ ਗਲੀ, ਵਿਸ਼ਵਾਸ ਨਗਰ, ਸ਼ਾਹਦਰਾ ਦਿੱਲੀ-110032
3. **ਕਾਵਿ ਰੰਗ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

Downloaded from: www.cbseportal.com Courtesy : CBSE

CBSE PORTAL
www.cbseportal.com

# ਪੰਜਾਬੀ—104
## XII (ਬਾਰ੍ਹਵੀਂ)
### (ਅਪਰੈਲ 2017 ਤੋਂ ਮਾਰਚ 2018)

ਇੱਕ ਪੇਪਰ | 3 ਘੰਟੇ | ਅੰਕ 100

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **I. ਸਾਹਿਤ** | 50 | | 75 |
| **II. ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 30 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | | 55 |
| (ੲ) ਵਿਹਾਰਕ ਵਿਆਕਰਨ | 15 | | 40 |

| | ਅੰਕ | ਪੀਰੀਅਡ |
|---|---|---|
| **I. ਸਾਹਿਤ** | 50 | 85 |
| **(1) ਕਵਿਤਾ** | 15 | 30 |
| I. ਕਵਿਤਾ ਦੀ ਕਾਵਿ-ਟੁਕੜੀ ਨਾਲ ਸੰਬੰਧਤ 4 **ਛੋਟੇ** ਪ੍ਰਸ਼ਨ | 08 | |
| II. ਪ੍ਰਸੰਗ ਸਹਿਤ ਵਿਆਖਿਆ | 07 | |
| **(2) ਨਾਵਲ** | 10 | 20 |
| I. ਨਾਵਲ ਵਿਚੋਂ ਕੋਈ ਦੋ ਪੈਰਿਆਂ 'ਚੋਂ **ਕਿਸੇ ਇਕ** ਦੇ ਅਧਾਰ 'ਤੇ ਪ੍ਰਸ਼ਨ (1X3) | 03 | |
| II. ਨਾਵਲ ਦੇ ਵਿਸ਼ੇ ਵਸਤੂ, ਚਰਿੱਤਰ ਚਿਤਰਨ, ਕਥਾਨਕ (Plot) ਬਾਰੇ ਦੋ ਪ੍ਰਸ਼ਨਾਂ ਵਿਚੋਂ ਕੋਈ ਇਕ ਪ੍ਰਸ਼ਨ 125-150 ਸ਼ਬਦ | 07 | |
| **(3) ਨਿੱਕੀ ਕਹਾਣੀ** | 10 | 15 |
| I. ਨਿੱਕੀ ਕਹਾਣੀ ਦੇ ਦੋ ਪ੍ਰਸੰਗਾਂ (ਸਤਰਾਂ) ਵਿਚੋਂ ਕਿਸੇ ਇੱਕ ਤੇ ਛੋਟੇ ਪ੍ਰਸ਼ਨ | 05 | |
| II. ਨਿੱਕੀ ਕਹਾਣੀ ਦੇ ਵਿਸ਼ੇ, ਚਰਿੱਤਰ-ਚਿਤਰਨ ਅਤੇ ਆਲੋਚਨਾਤਮਕ ਸਾਰ ਸੰਬੰਧੀ ਪ੍ਰਸ਼ਨ | 05 | |
| **(4) ਪੰਜਾਬੀ ਸਾਹਿਤ ਦਾ ਇਤਿਹਾਸ** | 10 | 10 |
| *ਪੰਜਾਬੀ ਸਾਹਿਤ ਦੀ ਉੱਤਪਤੀ, ਵਿਕਾਸ, ਵਿਚਾਰਧਾਰਾ ਤੇ ਵਿਸ਼ੇਸ਼ਤਾਈਆਂ ਸੰਬੰਧੀ ਕਿਸੇ ਵੀ ਸਾਹਿਤ ਦੀ ਧਾਰਾ—* **ਗੁਰਮਤਿ ਕਾਵਿ, ਸੂਫੀ ਕਾਵਿ, ਆਧੁਨਿਕ ਕਵਿਤਾ** ਬਾਬਤ ਪ੍ਰਸ਼ਨ (150 ਤੋਂ 200 **ਸ਼ਬਦਾਂ ਵਿੱਚ**)। | | |
| (5) **ਪਾਠ ਪੁਸਤਕਾਂ ਵਿਚੋਂ ਇੱਕ ਪ੍ਰਸ਼ਨ ਕਦਰਾਂ ਕੀਮਤਾਂ ਆਧਾਰਿਤ** (100 ਸ਼ਬਦਾਂ ਵਿਚ) | 05 | |

Downloaded from: www.cbseportal.com Courtesy : CBSE

CBSE PORTAL
www.cbseportal.com

## II. ਭਾਸ਼ਾ

| | ਅੰਕ | ਪੀਰੀਅਡ |
|---|---|---|
| **(ੳ) ਅਡਵਾਂਸ ਪੜ੍ਹਨ ਕੌਸ਼ਲ** | 10 | 30 |
| ਲਗਭਗ 150 ਸ਼ਬਦਾਂ ਦਾ ਅਣਡਿੱਠਾ ਪੈਰਾ ਅਤੇ ਉਸਦੇ 5 ਛੋਟੇ ਪ੍ਰਸ਼ਨ | | |
| **(ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ** | 25 | 55 |
| 1. 200-250 ਸ਼ਬਦਾਂ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਵਿਸ਼ੇ ਸੰਬੰਧੀ ਲੇਖ | 10 | |
| 2. **ਈ-ਮੇਲ**, **ਇਸ਼ਤਿਹਾਰ**, ਨੋਟਿਸ (100 ਸ਼ਬਦਾਂ ਵਿੱਚ) | 07 | |
| 3. ਅਖ਼ਬਾਰ ਦੇ **ਸੰਪਾਦਕ** ਜਾਂ **ਪ੍ਰਕਾਸ਼ਕ** ਦੇ ਨਾਂ ਪੱਤਰ | 08 | |
| **(ੲ) ਵਿਹਾਰਕ ਵਿਆਕਰਨ** | 15 | 40 |
| 1. **ਮੁਹਾਵਰੇ** (ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ) ***(ਟ ਤੋਂ ਪੈਂਤੀ ਅੱਖਰੀ ਅਖੀਰ ਤੱਕ)*** | 03 | |
| 2. **ਸ਼ਬਦ ਜੋੜਾਂ ਦੇ ਨੇਮ** *(ਗ ਤੇ ਘ, ਜ ਤੇ ਝ, ਡ ਤੇ ਢ, ਵ ਤੇ ਬ, ਸਿਹਾਰੀ ਤੇ ਲਾਂ ਅਤੇ ਹੋੜਾ ਤੇ ਕਨੌੜਾ ਦੀ ਵਰਤੋਂ)* | 06 | |
| 3. **ਕਿਸੇ ਇੱਕ ਛੋਟੇ ਪੈਰੇ ਵਿਚ ਵਿਸਰਾਮ ਚਿੰਨ੍ਹਾਂ ਦੀ ਵਰਤੋਂ** | 03 | |
| 4. **ਵਾਕਾਂ ਨੂੰ ਸ਼ੁੱਧ ਕਰਕੇ ਲਿਖਣਾ** | 03 | |

**ਪਾਠਕ੍ਰਮ ਸੰਬੰਧੀ ਪੁਸਤਕਾਂ :**

1. **ਕਾਵਿ ਯਾਤਰਾ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
2. **ਗੁਆਚਿਆ ਮੁੰਡਾ** (ਕਿਸ਼ੋਰ ਨਾਵਲ), ਜਗਦੀਸ਼ ਕੌਸ਼ਲ, ਪ੍ਰਕਾਸ਼ਕ, ਆਰਸੀ ਪਬਲਿਸ਼ਰਜ਼, ਦਰਿਆਗੰਜ ਦਿੱਲੀ
3. **ਕਥਾ ਜਗਤ**—ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92

Downloaded from: www.cbseportal.com Courtesy : CBSE